ੴ ਸਤਿਗੁਰ ਪ੍ਰਸਾਦਿ ॥

# ਕੀ ਲਿਖਾਂ ਅਤੇ ਕੀ ਨਾਂ ਲਿਖਾਂ ?

## ਮੂਲ ਰੂਪ ਵਿੱਚ

## ਸਿੱਖ ਮਿਸ਼ਨਰੀ ਕਾਲਜ (ਰਜਿ:)

## ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਕੀ ਲਿਖਾਂ ਅਤੇ ਕੀ ਨਾਂ ਲਿਖਾਂ ?

ਲੇਖਕ -ਹਰਜੀਤ ਸਿੰਘ, ਜਲੰਧਰ
ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।

ਅੱਜ ਹੀ ਕਾਨਪੁਰ ਤੋਂ ਵੀਰ ਜਗਧਰ ਸਿੰਘ ਨੇ ਮੇਰੀ ਈ-ਮੇਲ 'ਤੇ ਇਕ ਵੀਡੀਓ ਲਿੰਕ ਭੇਜਿਆ ਜਿਸ ਦੇ ਵਿਸ਼ੇ ਵਿਚ ਲਿਖਿਆ ਹੋਇਆ ਸੀ, ਵੀਰੋ, ਇਹ ਵੀਡੀਓ ਜ਼ਰੂਰ ਵੇਖਿਉ ਤੇ ਇਸ ਨੂੰ ਅੱਗੇ ਹੋਰ ਵੇਖਣ ਲਈ ਆਪਣੇ ਜਾਣ-ਪਹਿਚਾਣ ਵਾਲਿਆਂ ਨੂੰ ਭੇਜੋ 15 ਕੁ ਮਿੰਟ ਦੀ ਵੀਡੀਓ ਵਿਚ ਜੋ ਕੁਝ ਕੰਨਾਂ ਨਾਲ ਸੁਣਿਆਂ ਤੇ ਅੱਖਾਂ ਨਾਨ ਵੇਖਿਆ ਉਹ ਕਲਮ ਨਾਲ ਲਿਖਣਾ ਆਸਾਨ ਨਹੀਂ। ਮੇਰੀ ਕਲਮ ਕੰਬਦੀ ਹੈ ਉਸ ਸਚਾਈ ਨੂੰ ਲਿਖਣ ਲੱਗਿਆਂ ਕਿ ਮੇਰੀ ਕੌਮ ਦੇ ਵਾਰਸਾਂ ਦਾ ਅੱਜ ਕੀ ਹਾਲ ਹੈ। ਜਿੱਥੇ ਸੀਨੇ ਵਿਚ ਪੀੜਾਂ ਦੀ ਇਸ ਚੀਸ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਉਥੇ ਇਹ ਕੁਝ ਸ਼ਬਦ ਲਿਖ ਕੇ ਮੈਂ ਆਪਣੀਕੌਮ ਦੇ ਆਗੂਆਂ ਤੇ ਕੌਮੀ ਦਰਦ ਰੱਖਣ ਵਾਲਿਆਂ ਨੂੰ ਵੀ ਆਪਣੀ ਇਸ ਦਰਦ ਦੀ ਕਹਾਣੀ ਉਹਨਾਂ ਤੱਕ ਵੀ ਪਹੁੰਚਾਣ ਦਾ ਯਤਨ ਕਰ ਰਿਹਾ ਹਾਂ। ਸ: ਜਗਧਰ ਸਿੰਘ ਨਾਲ ਫੋਨ ਰਾਹੀਂ ਸੰਪਰਕ ਕਰਕੇ ਪਤਾ ਕੀਤਾ ਕਿ ਇਸ ਵੀਡੀਓ ਵਿਚ ਦਰਦ ਭਰੀ ਆਵਾਜ਼ ਕਿਸ ਦੀ ਹੈ ਜਿਸ ਨੇ ਹਰ ਦੇਖਣ ਵਾਲੇ ਦੇ ਅੰਦਰ ਹਲਚਲ ਪੈਦਾ ਕਰ ਦਿੱਤੀ ਹੋਵੇਗੀ। ਇਸ ਆਵਾਜ਼ ਵਿਚ ਜਿੱਥੇ ਪੀੜਾ ਸਾਫ਼ ਝਲਕਦੀ ਸੀ ਉੱਥੇ ਕੌਮ ਦੇ ਭਵਿੱਖ ਨੂੰ ਬਚਾਉਣ ਲਈ ਤਰਲਾ ਵੀ ਸਾਫ਼ ਸੁਣਾਈ ਦੇ ਰਿਹਾ ਸੀ। ਇਹ ਆਵਾਜ਼ ਸੀ ਇਕ ਸਮਾਜ ਸੇਵੀ ਬੀਬੀ ਹਰਸ਼ਿੰਦਰ ਕੌਰ ਪਟਿਆਲਾ ਦੀ । ਬੀਬੀ ਜੀ ਨੇ ਇਸ ਵੀਡੀਓ ਰਾਹੀਂ ਨਸ਼ਿਆਂ ਵਿਚ ਡੁੱਬਦੇ ਪੰਜਾਬ ਦਾ ਨਕਸ਼ਾ ਜ਼ਿਲ੍ਹਾਂ ਪਟਿਆਲਾ ਦੇ ਕੁਝ ਅੰਕੜੇ ਦੇ ਕੇ ਛੁਪਿਆ ਹੋਇਆ ਸੱਚ ਸਾਡੇ ਸਾਹਮਣੇ ਰੱਖਿਆ ਹੈ। ਉਹਨਾਂ ਨੇ ਜ਼ਿਲ੍ਹਾ ਪਟਿਆਲਾ ਵਿਚ ਪੁਲੀਸ ਰਿਕਾਰਡ ਅਨੁਸਾਰ ਫੜੇ ਗਏ ਨਸ਼ਿਆਂ ਦੀ ਸਮੱਗਰੀ ਦਾ ਵੇਰਵਾ ਦਿੱਤਾ ਹੈ ਜੋ ਕਿ ਕੁੱਲ ਨਸ਼ਿਆਂ ਦਾ ਕੇਵਲ 2% ਹੀ ਬਣਦਾ ਹੈ। ਇਸ ਅਨੁਸਾਰ ਪੁਲਿਸ ਨੇ 133 ਕਿਲੋ ਅਫ਼ੀਮ, 88●2 ਕਿਲੋ ਪੋਸਤ ਹੱਕ ਜਿਸ ਤੋਂ ਹੈਰੋਇਨ ਬਣਦੀ ਹੈ, 4 ਕਿਲੋ ਸਮੈਕ, 18 ਕਿਲੋ ਸੁਲਫਾ, 4 ਕਿਲੋ ਚਰਸ, 5● ਕਿਲੋ ਗਾਂਜਾ ਅਤੇ 225 ਗ੍ਰਾਮ ਹੈਰੋਇਨ ਬਰਾਮਦ ਕੀਤੇ ਹਨ। ਇਹ ਵੇਰਵਾ ਕੇਵਲ ਉਹ ਹੈ ਜੋ ਪੁਲਿਸ ਦੇ ਰਿਕਾਰਡ ਵਿਚ ਮੌਜੂਦ ਹੈ। ਇਕੱਲੇ ਪਟਿਆਲੇ ਵਿਚ ਹੀ 8 ਸਾਲ ਤੋਂ ਛੋਟੇ ਬੱਚੇ ਜੋ ਨਸ਼ੀਲੇ ਕੈਪਸੂਲਾਂ ਵਿਚੋਂ ਪਾਊਡਰ ਕੱਢ ਕੇ ਨਸ਼ਾ ਕਰਨ ਦੇ ਆਦੀ ਬਣ ਗਏ ਹਨ ਉਹਨਾਂ ਤੋਂ 261●● ਤੋਂ ਵੱਧ ਕੈਪਸੂਲ ਫੜੇ ਗਏ ਹਨ। ਇਸ ਤੋਂ ਇਲਾਵਾ 28 ਕਿਲੋ ਪਾਊਡਰ ਜੋ ਕਿ ਬੱਚਿਆਂ ਨੂੰ ਨਸ਼ਾ ਕਰਵਾਉਣ ਲਈ

ਵਰਤਿਆ ਜਾਣਾ ਸੀ, ਫੜਿਆ ਗਿਆ ਹੈ। 12 ਲਿਟਰ ਛੋਟੀਆਂ ਸ਼ੀਸ਼ੀਆਂ, ਜਿਹੜੀਆਂ ਖੰਘ ਦੀ ਦਵਾਈ ਕਰਕੇ ਵਿਕਦੀਆਂ ਹਨ, ਉਹ ਫੜੀਆਂ ਗਈਆਂ ਹਨ। 15 ਸਾਲਾਂ ਤੋਂ ਘੱਟ ਉਮਰ ਦੇ 67% ਬੱਚੇ ਜਿਹਨਾਂ ਵਿਚ ਲੜਕੀਆਂ ਵੀ ਸ਼ਾਮਲ ਹਨ, ਉਹ ਨਸ਼ਿਆਂ ਦੀ ਪੂਰਤੀ ਲਈ ਆਇਓਡੈਕਸ ਦੀਆਂ ਸ਼ੀਸ਼ੀਆਂ ਚੱਟਣ ਲੱਗ ਪਏ ਹਨ। ਬਰੈੱਡ ਵਿਚ ਆਇਓਡੈਕਸ ਲਾ ਕੇ ਖਾਂਦੇ ਹਨ। ਇੱਥੇ ਹੀ ਬੱਸ ਨਹੀਂ ਕਿਰਲੀਆਂ ਮਾਰ ਕੇ ਖਾਧੀਆਂ ਜਾ ਰਹੀਆਂ ਹਨ ਕਿਉਂਕਿ ਉਹਨਾਂ ਵਿਚੋਂ ਨਸ਼ਾ ਮਿਲਦਾ ਹੈ। ਆਪਣੇ ਘਰਾਂ ਵਿਚ ਖੜ੍ਹੇ ਸਕੂਅਰਾਂ ਵਿਚੋਂ ਪੈਟਰੋਲ ਕੱਢ ਕੇ ਉਸ ਨੂੰ ਪੀ ਅਤੇ ਸੁੰਘ ਕੇ ਨਸ਼ੇ ਦੀ ਪੂਰਤੀ ਕੀਤੀ ਜਾ ਰਹੀ ਹੈ।

ਯੂਨਾਈਟਿਡ ਨੇਸ਼ਨਜ਼ ਦੀ ਇਕ ਰਿਪੋਰਟ ਮੁਤਾਬਿਕ ਉਸ ਸ਼ਹਿਰ ਜਿਸ ਨੂੰ ਅਸੀਂ ਪਵਿੱਤਰ ਅਤੇ ਗੁਰੂਦੀ ਨਗਰੀ ਨਾਲ ਯਾਦ ਕਰਦੇ ਹਾਂ, ਭਾਵ ਅੰਮ੍ਰਿਤਸਰ ਵਿਚ 31-12-11 ਦੀ ਰਾਤ ਨੂੰ ਦੁਨੀਆਂ ਭਰ ਵਿਚੋਂ ਸਭ ਤੋਂ ਜ਼ਿਆਦਾ ਸ਼ਰਾਬ ਪੀਤੀ ਗਈ ਜਿਸ ਦੀ ਕੀਮਤ ਅੰਦਾਜ਼ਨ 7 ਕਰੋੜ ਤੋਂ ਵੀ ਵੱਧ ਬਣਦੀ ਹੈ।

ਯੂਨੀਸੈਫ ਦੀ ਜਨਵਰੀ 2012 ਦੀ ਰਿਪੋਰਟ ਅਨੁਸਾਰ ਭਾਰਤ ਦੁਨੀਆਂ ਭਰ ਵਿਚੋਂ ਨਸ਼ਿਆਂ ਦੇ ਕਾਰੋਬਾਰ ਵਿਚ ਪਹਿਲੇ ਨੰਬਰ 'ਤੇ ਹੈ। ਭਾਰਤ ਦੀ ਗੱਲ ਤਾਂ ਇਕ ਪਾਸੇ ਰਹੀ ਪੰਜਾਬ ਤੇ ਪੰਜਾਬੀਆਂ ਨੇ ਤਾਂ ਸਾਰਿਆਂ ਨੂੰ ਹੀ ਮਾਤ ਪਾ ਦਿੱਤੀ ਹੈ। ਲਗਭਗ 4 ਕਰੋੜ ਦੀ ਆਬਾਦੀ ਵਾਲੇ ਇਸ ਸੂਬੇ ਵਿਚ 3.25 ਕਰੋੜ ਸ਼ਰਾਬ ਦੀਆਂ ਪੇਟੀਆਂ ਦੀ ਵਿਕਰੀ ਇਸ ਸਾਲ ਹੋਣ ਦੀ ਆਸ ਰੱਖੀ ਗਈ ਹੈ। ਪੰਜਾਬ ਦੀ ਜਵਾਨੀ ਅੱਜ ਨਸ਼ਿਆਂ ਨੇ ਪੂਰੀ ਤਰ੍ਹਾਂ ਨਿਗਲ ਲਈ ਹੈ ਤੇ ਇਸ ਮਹਾਨ ਕਾਰਜ ਵਿਚ ਸਿੱਖ ਮੋਹਰੀ ਬਣੇ ਹੋਏ ਹਨ ਤੇ ਬੜੇ ਮਾਣ ਨਾਲ ਬੋਲਦੇ ਹਨ, ਪਰੇ ਹੋ ਜਾ ਜੱਟ ਨੂੰ ਸ਼ਰਾਬ ਚੜ੍ਹ ਗਈ ਤੇ ਠੇਕੇ ਤੋਂ ਉਹੀ ਲੈਣੀ ਜੱਟ ਨੂੰ ਜੋ ਭਾਏਗੀ। 'ਦਾਰੂ ਤਾਂ ਨਾਲ ਜੱਟ ਸਵਰਗਾਂ ਨੂੰ ਜਾਏਗੀ' ਦੇ ਲੱਚਰ ਬੋਲ ਗਾਣਿਆਂ ਦੇ ਰੂਪ ਵਿਚ ਗਾ ਕੇ ਇਸ ਨੌਜਵਾਨੀ ਨੂੰ ਹੋਰ ਠੇਕਿਆਂ ਵੱਲ ਤੋਰਿਆ ਜਾ ਰਿਹਾ ਹੈ। ਇਕ ਸਾਲ ਵਿਚ 50 ਕਰੋੜ ਤੋਂ ਵੀ ਵੱਧ ਬੋਤਲਾਂ ਸ਼ਰਾਬ ਦੀਆਂ ਡਕਾਰ ਜਾਂਦੇ ਹਨ ਇਸ ਗੁਰੂਆਂ ਦੀ ਧਰਤੀ 'ਤੇ ਬੜ੍ਹਕਾਂ ਮਾਰਦੇ ਪੰਜਾਬੀ ਗੱਭਰੂ। ਸੂਬੇ ਭਰ ਦੀ 43% ਆਬਾਦੀ ਸ਼ਾਮ ਨੂੰ ਸ਼ਰਾਬ ਦੇ ਨਸ਼ੇ ਨਾਲ ਟੱਲੀ ਹੋਈ ਮਿਲਦੀ ਹੈ। ਇੱਥੇ ਹੀ ਬੱਸ ਨਹੀਂ ਨਸ਼ਿਆਂ ਦੀ ਇਸ ਵਰਤੋਂ ਨਾਲ ਜਿਹੜੇ ਨੁਕਸਾਨ ਹੁੰਦੇ ਹਨ ਉਸ ਬਾਰੇ ਵੀ W. H.O. ਦੀ ਰਿਪੋਰਟ ਤਾਂ ਹਿਲਾ ਕਿ ਰੱਖ ਦੇਣ ਵਾਲੀ ਹੈ। ਇਸ ਰਿਪੋਰਟ ਅਨੁਸਾਰ ਪੰਜਾਬੀ ਨੌਜਵਾਨ ਗੱਭਰੂਜਿਹਨਾਂ ਦੇ ਸਪਰਮ ਕਾਉਂਟ ਪਹਿਲਾਂ 15 ਮਿਲੀਅਨ ਹੁੰਦੇ ਸਨ ਉਹ ਘਟ ਕੇ 6 ਮਿਲੀਅਨ ਹੀ ਰਹਿ ਗਏ ਹਨ ਜਿਸਦਾ ਮਤਲਬ ਹੈ ਕਿ ਸਾਡੇ ਪੰਜਾਬੀ ਗੱਭਰੂਹੌਲੀ-ਹੌਲੀ ਨਪੁੰਸਕ ਬਣਦੇ ਜਾ ਰਹੇ ਹਨ। ਅੱਜ ਫਰਟੀਲਿਟੀ ਸੈਂਟਰਾਂ 'ਤੇ ਲੱਗੀਆਂ ਪੰਜਾਬੀ

ਗੱਭਰੂਆਂ ਦੀਆਂ ਲੰਮੀਆਂ ਕਤਾਰਾਂ ਇਸ ਕੌੜੇ ਸੱਚ ਦੀ ਮੂੰਹ ਬੋਲਦੀ ਗਵਾਹੀ ਹਨ। ਕਿਤੇ ਕੁੱਖ ਮੁੱਲ ਲਈ ਜਾ ਰਹੀ ਹੈ ਕਿਉਂਕਿ ਗੱਭਰੂ ਅੱਜ ਨਸ਼ਿਆਂ ਦੇ ਸੇਵਨ ਕਰਕੇ ਬੱਚੇ ਪੈਦਾ ਕਰਨ ਦੀ ਸ਼ਕਤੀ ਜਾਂ ਤਾਂ ਗਵਾ ਬੈਠੇ ਹਨ ਜਾਂ ਇਹ ਸ਼ਕਤੀ ਬਿਲਕੁਲ ਨਾਂਹ ਦੇ ਬਰਾਬਰ ਹੀ ਹੈ।

ਜਿਹੜਾ ਪੰਜਾਬ ਗੁਰੂ ਪੀਰਾਂ ਦੀ ਧਰਤੀ ਹੁੰਦਾ ਸੀ, ਉਹ ਅੱਜ ਜੁਰਮਾਂ ਦੀ ਧਰਤੀ ਬਣ ਗਿਆ ਹੈ। ਕੋਈ ਦਿਨ ਐਸਾ ਨਹੀਂ ਜਦੋਂ ਕਿਸੇ ਨਾ ਕਿਸੇ ਧੀ ਭੈਣ ਦੀ ਪੱਤ ਨਾ ਲੁੱਟੀ ਜਾਂਦੀ ਹੋਵੇ। ਘਰਾਂ ਦੇ ਘਰ ਅੱਜ ਨਸ਼ਿਆਂ ਦੇ ਅਸਰ ਹੇਠ ਆਪਸੀ ਝਗੜਿਆਂ ਕਰਕੇ ਉਜੜ ਚੁੱਕੇ ਹਨ। ਇਸ ਤੋਂ ਵੀ ਮਾੜੀ ਖ਼ਬਰ ਕੀ ਹੋ ਸਕਦੀ ਹੈ ਕਿ ਚੰਡੀਗੜ੍ਹ ਦੇ ਨਾਰੀ ਨਿਕੇਤਰ ਵਿਚ 2 ਬੱਚੀਆਂ ਅਜਿਹੀਆਂ ਹਨ ਜੋ ਆਪਣੇ ਬਾਪ ਦੇ ਹੀ ਬੱਚਿਆਂ ਨੂੰ ਜਨਮ ਦੇ ਚੁੱਕੀਆਂ ਹਨ।

ਅੱਜ ਪੰਜਾਬ ਦੀ ਜਵਾਨੀ ਸ਼ਾਮ ਨੂੰ ਸੜਕਾਂ ਦੇ ਕੰਢਿਆਂ 'ਤੇ ਅਤੇ ਨਾਲੀਆਂ ਦੇ ਚਿੱਕੜ ਵਿਚ ਡਿੱਗ ਕੇ ਸਾਡੇ ਮੂੰਹ 'ਤੇ ਕਰਾਰੀ ਚਪੇੜ ਮਾਰ ਰਹੀ ਹੈ। ਜਿਸ ਧਰਤੀ 'ਤੇ ਕਦੇ ਇਕ ਔਰਤ ਚੁੱਕੀ ਜਾਂਦੀ ਸੀ ਤਾਂ ਪੰਜਾਬ ਦੇ ਇਹ ਛੈਲ ਛਬੀਲੇ ਜਵਾਨ ਉੱਨੀ ਦੇਰ ਤੱਕ ਚੈਨ ਨਾਲ ਨਹੀਂ ਸੀ ਬੈਠਦੇ ਜਿੰਨੀ ਦੇਰ ਤੱਕ ਉਸ ਨੂੰ ਇੱਜ਼ਤ ਨਾਲ ਘਰ ਵਾਪਸ ਨਹੀਂ ਸੀ ਪਹੁੰਚਾਇਆ ਜਾਂਦਾ । ਅੱਜ ਉਹੀ ਛੈਲ ਛਬੀਲੇ ਪੰਜਾਬ ਦੇ ਜਵਾਨ ਆਪ ਹੀ ਨਪੁੰਸਕ ਬਣੀ ਜਾਂਦੇ ਹਨ ਤੇ ਇਹ ਧਰਤੀ ਨਿਪੁੰਸਕਾਂ ਦੀ ਧਰਤੀ ਬਣਦੀ ਜਾ ਰਹੀ ਹੈ। ਅੱਜ 67% ਤੋਂ ਵੀ ਉੱਪਰ ਘਰ ਅਜਿਹੇ ਹਨ ਜਿਹਨਾਂ ਦੇ ਘਰਾਂ ਵਿਚ ਨਸ਼ਿਆਂ ਦੇ ਸੇਵਨ ਕਰਕੇ ਕੋਈ ਨਾ ਕੋਈ ਮੈਂਬਰ ਦਿਮਾਗੀ ਪੱਖ ਤੋਂ ਵੀ ਆਪਣਾ ਸੰਤੁਲਨ ਗਵਾ ਬੈਠਾ ਹੈ।

ਇੱਥੇ ਹੀ ਬੱਸ ਨਹੀਂ ਮੇਰੀ ਕਲਮ ਤਾਂ ਅੱਜ ਲਹੂ ਦੇ ਹੰਝੂ ਕੇਰਦੀ ਹੈ ਜਦੋਂ ਮੈਂ ਆਪਣੇ ਪਿਛਲੇ ਵਿਰਸੇ ਦੇ ਪੰਨਿਆਂ ਨੂੰ ਪੜ੍ਹਦਾ ਹਾਂ ਤੇ ਅੱਜ ਦੇ ਗੱਭਰੂ ਦੀ ਹਾਲਤ ਦੇਖਦਾ ਹਾਂ। ਕਦੇ ਅਸੀਂ ਛਾਤੀ ਠੋਕ ਕੇ ਕਿਹਾ ਕਰਦੇ ਸੀ ਕਿ ਇਹ ਪੰਜਾਬੀ ਗੱਭਰੂ, ਇਹ ਪੋਚਵੀਆਂ ਪੱਗਾਂ ਵਾਲੇ ਸੁੰਦਰ ਹੀਰੇ ਜਿਹੜੇ ਇਸ ਦੇਸ਼ ਵਾਸਤੇ ਤੇ ਆਪਣੀ ਕੌਮ ਵਾਸਤੇ ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਫਿਰਦੇ ਸਨ ਤੇ ਹਰ ਖੇਤਰ ਵਿਚ ਮੋਹਰੀ ਹੋ ਕੇ ਆਪਣਾ ਤੇ ਆਪਣੇ ਸੂਬੇ ਦਾ ਮਾਣ ਵਧਾਉਂਦੇ ਸਨ ਪਰ ਅੱਜ ਉਹੀ ਨੌਜਵਾਨ ਨਸ਼ਿਆਂ ਦੇ ਦਰਿਆ ਵਿਚ ਰੁੜਦੇ ਜਾ ਰਹੇ ਹਨ। ਅਖ਼ਬਾਰੀ ਰਿਪੋਰਟਾਂ ਮੁਤਾਬਕ ਜਿਹੜੇ ਨੌਜਵਾਨ ਫ਼ੌਜ ਵਿਚ ਜਾਣ ਲਈ (ਪਹਿਲਾ ਟੈਸਟ ਦੌੜ ਕੇ ਪਾਸ ਕਰਨਾ ਪੈਂਦਾ ਹੈ), ਦੌੜ ਵਿਚ ਸ਼ਾਮਲ ਹੋਏ, ਉਹਨਾਂ ਵਿਚੋਂ ਇਕ ਵੀ ਇਹ ਦੌੜ ਵਾਲਾ ਟੈਸਟ ਪਾਸ ਨਹੀਂ ਕਰ ਸਕਿਆ। ਕੀ ਇਹ ਪੰਜਾਬੀ ਨੌਜਵਾਨ ਦੀ ਸਿਹਤ ਤੇ ਜੁੱਸੇ ਪੱਖੋਂ ਨਿਘਾਰ ਦੀ ਹੱਦ

ਨਹੀਂ ਗਿਣੀ ਜਾ ਸਕਦੀ ।ਅੱਜ ਇਹ ਨੌਜਵਾਨ ਪੰਜਾਬੀ ਗੱਭਰੂ ਬਿਨਾਂ ਕਿਸੇ ਗਿਣਤੀ ਦੇ ਨਸ਼ੇ ਦੀਆਂ ਚੀਜ਼ਾਂ ਖਾਈ ਤੁਰੀ ਜਾਂਦੇ ਹਨ।ਆਪਣੀ ਜਵਾਨੀ ਨੂੰ ਆਪਣੇ ਹੱਥੀਂ ਹੀ ਸਾੜੀ ਜਾ ਰਹੇ ਸਨ।ਅੱਜ ਨਸ਼ੇ ਦੇ ਟੀਕਿਆਂ ਤੇ ਸੂਟਿਆਂ ਨੇ ਇਹਨਾਂ ਦੇ ਚਿਹਰਿਆਂ ਦੀ ਲਾਲੀ ਚੂਸ ਲਈ ਹੈ। ਕਿੱਥੋਂ ਆਏਗੀ ਇਹਨਾਂ ਅੰਦਰ ਤਾਕਤ, ਦੁੱਧ ਘਿਓ ਨੂੰ ਵੇਚ ਕੇ ਨਸ਼ੇ ਖਰੀਦ-ਖਰੀਦ ਕੇ ਅਸਲ ਵਿਚ ਇਹ ਆਪਣੀ ਮੌਤ ਹੀ ਖਰੀਦ ਰਹੇ ਹਨ।ਹੋਰ ਕੀ ਲਿਖਾਂ ! ਤਸਬੀਰ ਸਾਡੇ ਸਾਹਮਣੇ ਹੈ। ਭਵਿੱਖ ਖਤਰੇ ਦੀ ਘੰਟੀ ਵਜਾ ਰਿਹਾ ਹੈ ਪਰ ਕੀ ਅਸੀਂ ਵੱਜਦੀਆਂ ਘੰਟੀਆਂ ਸੁਣ ਕੇ ਵੀ ਬੇਖ਼ਬਰ ਨਹੀਂ ਬੈਠੇ ਹੋਏ?

ਪੰਜਾਬੀਓ ! ਤੁਹਾਡੇ ’ਤੇ ਦੇਸ਼ ਨੂੰ ਮਾਣ ਹੈ, ਕੌਮ ਨੂੰ ਮਾਣ ਹੈ। ਇਹਨਾਂ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕਮਰ ਕੱਸੇ ਕਰੋ।ਅੱਜ ਹਰ ਤਾਕਤ ਤੁਹਾਡੇ ਭਵਿੱਖ ਨੂੰ ਤਬਾਹ ਕਰਨ ’ਤੇ ਲੱਗੀ ਹੋਈ ਹੈ।

ਹੁਣ ਅੱਗੇ ਕੁਝ ਲਿਖਣ ਤੋਂ ਪਹਿਲਾਂ ਮੈਂ ਇਹਨਾਂ ਨਸ਼ਿਆਂ ਦੇ ਰੁਝਾਨ ਦੇ ਕਾਰਨਾਂ ਬਾਰੇ ਕੁਝ ਕੁ ਅੱਖਰ ਜ਼ਰੂਰ ਲਿਖਣਾ ਚਾਹੁੰਦਾ ਹਾਂ।ਆਪਣੇ ਆਪ ਨੂੰ ਅਗਾਂਹਵਧੂ ਤੇ ਆਧੁਨਿਕ ਜਾਪਣ ਦੇ ਵਿਖਾਵੇ ਵਿਚ ਪੱਛਮੀ ਦੇਸ਼ਾਂ ਦੀ ਨਕਲ ਕਰਨ ਵਾਲੀ ਪੁੱਠੀ ਸੋਚ, ਸਿਨੇਮਾ ਤੇ ਕੇਬਲ ਟੀ.ਵੀ. ਰਾਹੀਂ ਨਸ਼ਿਆਂ ਦਾ ਬੇਰੋਕ ਪ੍ਰਚਾਰ ਤੇ ਆਰਥਿਕ ਪੱਖੋਂ ਆਈ ਖੁਸ਼ਹਾਲੀ ਵੀ ਨਸ਼ਿਆਂ ਦੇ ਵਧਣ ਦੇ ਕੁਝ ਕਾਰਨ ਹਨ। ਧਾਰਮਿਕ ਪੱਖ ਤੋਂ ਨਿਕਲਿਆ ਦਿਵਾਲਾ ਤੇ ਸਮਾਜ ਵਲੋਂ ਕੁਝ ਬੰਦਸ਼ਾਂ ਤੇ ਰੋਕਾਂ ਨੂੰ ਨੌਜਵਾਨ ਪੀੜ੍ਹੀ ਵਲੋਂ ਪੂਰੀ ਤਰ੍ਹਾਂ ਠੁਕਰਾ ਦਿੱਤਾ ਗਿਆ ਸੀ। ਇਕ ਸਮਾਂ ਸੀ ਜਦੋਂ ਪਿਉ ਪੁੱਤ ਆਹਮੋ-ਸਾਹਮਣੇ ਬੈਠ ਕੇ ਸ਼ਰਾਬ ਨਹੀਂ ਸੀ ਪੀਂਦੇ ਤੇ ਨਾ ਹੀ ਕੋਈ ਪੁੱਤ ਪੀ ਕੇ ਆਪਣੇ ਬਜ਼ੁਰਗਾਂ ਸਾਹਮਣੇ ਸਾਹਮਣੇ ਆਉਣ ਦੀ ਜੁਰਅੱਤ ਕਰਦਾ ਸੀ। ਹੁਣ ਤਾਂ ਬਾਬਾ ਪੋਤੇ ਨੂੰ ਗਲਾਸੀ ਪੇਸ਼ ਕਰਦਾ ਹੈ ਤੇ ਫਿਰ ਬਾਬਾ, ਬਾਪ ਤੇ ਪੋਤਾ ਰਲ ਕੇ ਇਕ ਚੀਅਰਸ ਚੀਅਰਸ ਕਰਦੇ ਆਮ ਵੇਖੇ ਜਾਂਦੇ ਹਨ। ਇਸ ਦੀ ਇਕ ਮਿਸਾਲ ਹੈ ਕਿ ਇਕ ਪ੍ਰੋਫੈਸ਼ਨਲ ਕਾਲਜ ਦੇ ਹੋਸਟਲ ਵਿਚ ਇਕ ਰਾਤ ਕੁਝ ਮੁੰਡਿਆਂ ਨੇ ਸ਼ਰਾਬ ਪੀ ਕੇ ਹੁੱਲੜਬਾਜ਼ੀ ਕੀਤੀ। ਪ੍ਰਿੰਸੀਪਲ ਨੇ ਦੋਸ਼ੀ ਵਿਦਿਆਰਥੀਆਂ ਦੇ ਘਰ ਵਿਚ ਇਸ ਬਾਬੇ ਚਿੱਠੀਆਂ ਲਿਖ ਭੇਜਿਆਂ। ਇਕ ਮੁੰਡੇ ਦਾ ਪਿਤਾ, ਜੋ ਕਰਨਲ ਸੀ, ਉਲਟਾ ਰੋਸ ਪ੍ਰਗਟ ਕਰਨ ਆਇਆ । ਉਹ ਪ੍ਰਿੰਸੀਪਲ ਨੂੰ ਸਗੋਂ ਸ਼ਿਕਵਾ ਕਰ ਰਿਹਾ ਸੀ ਕਿ ਕੀ ਹੋਇਆ ਜੇ ਮੁੰਡਿਆਂ ਨੇ ਰਲ ਕੇ ਹੱਸ-ਖੇਡ ਲਿਆ? ਕਦੀ ਕਦੀ ਥੋੜ੍ਹੀ ਪੀ ਲੈਣਾ ਕੋਈ ਬੁਰੀ ਗੱਲ ਨਹੀਂ। ਮੈਂ ਆਪਣੇ ਬੇਟੇ ਨੂੰ ਇਸ ਦੀ ਇਜਾਜ਼ਤ ਦਿੱਤੀ ਹੋਈ ਹੈ। ਨਸ਼ਿਆਂ ਦਾ ਸੇਵਨ ਕਰਨ ਵਾਲੇ ਇਸ ਦੀ ਸ਼ੁਰੂਆਤ ਤਾਂ ਸਮਾਜ ਵਿਚ ਦੋਸਤਾਂ -ਮਿੱਤਰਾਂ ਦੇ ਕਹਿਣ ’ਤੇ ਵੇਖਾ-ਵੇਖੀ ਕਰਦੇ ਹਨ ਪਰ ਇਹ ਵੇਖਾ ਵੀਖੀ ਦਾ ਸ਼ੌਕ, ਇਹਨਾਂ ਦੀ ਆਦਤ ਬਣ

ਜਾਂਦਾ ਹੈ। ਤੇ ਫਿਰ ਇਹ ਆਤਦ ਹੌਲੀ-ਹੌਲੀ ਇਹਨਾਂ ਨੂੰ ਨਿਘਾਰ ਦੇ ਸਿਖਰ ਤੱਕ ਲੈ ਜਾਂਦੀ ਹੈ। ਕਦੇ ਸੋਚੋ ਪੰਜਾਬੀ ਗੱਭਰੂਓ! ਤੁਸੀਂ ਉਸ ਧਰਤੀ ਦੇ ਵਸਨੀਕ ਹੋ ਜਿਸ ਤੋਂ ਲੋਕ ਭੈਅ ਖਾਂਦੇ ਸਨ। ਦੱਰਾ ਖ਼ੈਬਰ ਤੱਕ ਤੁਹਾਡੀ ਆਵਾਜ਼ ਸੁਣ ਕੇ ਲੋਕ ਕੰਬ ਜਾਂਦੇ ਸਨ। ਅਫ਼ਗਾਨੀ ਯੋਧਿਆਂ ਦੀਆਂ ਤਲਵਾਰਾਂ ਟੋਟੇ-ਟੋਟੇ ਹੋ ਗਈਆਂ, ਉਹਨਾਂ ਦੇ ਟੋਟੇ ਵੀ ਉਹ ਸੰਭਾਲ ਕੇ ਨਹੀਂ ਰੱਖ ਸਕੇ। ਅੱਜ ਤੁਹਾਨੂੰ ਮਾਰਨ ਲਈ ਕਿਸੇ ਗੋਲੀ ਦੀ ਲੋੜ ਨਹੀਂ, ਕਿਸੇ ਹਥਿਆਰ ਦੀ ਜ਼ਰੂਰਤ ਨਹੀਂ, ਬੱਸ ਇਹਨਾਂ ਨਸ਼ਿਆਂ ਨੇ ਹੀ ਤੁਹਾਨੂੰ ਆਪਣੇ-ਆਪ ਹੀ ਖ਼ਤਮ ਕਰ ਦਿੱਤਾ ਹੈ ਤੇ ਦੇਣਾ ਹੈ।

ਸਾਨੂੰ ਤਾਂ ਲਗਦਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਪ੍ਰਸਾਰ ਪਿੱਛੇ ਵੀ ਇਕ ਡੂੰਘੀ ਸਾਜਸ਼ ਹੈ ਤੇ ਖਾਸ ਕਰਕੇ ਸਿੱਖ ਨੌਜਵਾਨਾਂ ਵਿਚ ਇਸਦੇ ਰੁਝਾਨ ਪਿੱਛੇ ਕੋਈ ਖਾਸ ਮਕਸਦ ਹੈ। ਤੁਸੀਂ ਜਾਣਦੇ ਹੋ ਤੁਹਾਨੂੰ ਖਤਮ ਕਰਨ ਲਈ ਟੈਂਕਾਂ ਦੇ ਗੋਲੇ ਫੇਲ੍ਹ ਹੋ ਗਏ, ਕਲਮ ਤੇ ਮੀਡੀਏ ਦਾ ਹਥਿਆਰ ਖੁੰਢਾ ਹੋ ਗਿਆ। ਤੁਸੀਂ ਟੈਂਕਾਂ ਦੇ ਗੋਲਿਆਂ ਨੂੰ ਆਪਣੀ ਹਿੱਕ 'ਤੇ ਖਾ ਕੇ ਵੀ ਆਪਣੀ ਰੌਂਦ ਨੂੰ ਕਾਇਮ ਰੱਖਿਆ। ਮੀਡੀਏ ਤੇ ਕਲਮ ਦੇ ਹਥਿਆਰਾਂ ਦੇ ਮੂੰਹ ਤੋੜ ਉੱਤਰ ਦਿੱਤੇ ਪਰ ਇਹਸ ਨਸ਼ਿਆਂ ਦੀ ਗੁੱਝੀ ਸਾਜ਼ਸ਼ ਦਾ ਸ਼ਿਕਾਰ ਹੋ ਕੇ ਆਪਣਾ ਸਭ ਕੁਝ ਗਵਾਈ ਜਾ ਰਹੇ ਹੋ। ਪੰਜਾਬ ਦੇ ਗੱਭਰੂਆਂ ਦਾ ਆਧਾਰ ਪੰਜਾਬ ਦੇ ਪਿੰਡ ਹਨ। ਇਸ ਗੁੱਝੀ ਸਾਜ਼ਸ਼ ਅਧੀਨ ਪਿੰਡਾਂ ਵਿਚ ਨਸ਼ਿਆਂ ਦਾ ਪ੍ਰਸਾਰ ਕਰਕੇ ਪੇਂਡੂਨੌਜਵਾਨਾਂ ਨੂੰ ਆਪਣੀ ਮੌਤ ਆਪ ਹੀ ਮਰਨ ਵੱਲ ਧੱਕ ਦਿੱਤਾ ਗਿਆ ਹੈ। ਅੱਜ ਸਮੈਕ ਦਾ ਨਸ਼ਾ ਅਜਿਹਾ ਨਸ਼ਾ ਹੈ ਜੋ ਪਿੰਡਾਂ ਵਿਚ ਪ੍ਰਚੱਲਤ ਕੀਤਾ ਗਿਆ। ਇਸ ਨਸ਼ੇ ਦੀ ਆਦਤ ਪੈਣ ਮਗਰੋਂ ਇਸ ਨੂੰ ਛੱਡਣਾ ਜੇਕਰ ਅਸੰਭਵ ਨਹੀਂ ਤਾਂ ਔਖਾਂ ਜ਼ਰੂਰ ਹੈ। ਲਗਭਗ 8●● - 1●●● ਰੁਪਏ ਦਾ ਰੋਜ਼ਾਨਾ ਖਰਚਾ ਹੈ ਇਸ ਨਸ਼ੇ ਦੀ ਪੂਰਤੀ ਕਰਨ ਲਈ । ਕਿੰਨੀ ਡੂੰਘੀ ਸਕੀਮ ਹੈ ਪੰਜਾਬੀਆਂ ਨੂੰ ਖ਼ਤਮ ਕਰਨ ਦੀ। ਪਹਿਲੀ ਮਾਰ ਰੋਜ਼ ਨਸ਼ਾ ਕਰਨ ਲਈ ਆਰਥਿਕ ਪੱਖ ਹੈ ਤੇ ਦੂਜਾ ਜਵਾਨੀ ਦਾ ਕਤਲ। ਮੈਡੀਕਲ ਸਾਇੰਸ ਮੁਤਾਬਕ ਜੇ ਕਰ ਕੋਈ ਵਿਅਕਤੀ (ਲੜਕਾ ਜਾਂ ਲੜਕੀ) ਲਗਭਗ 7-8 ਸਾਲ ਸਮੈਕ ਦੇ ਨਸ਼ੇ ਦਾ ਸੇਵਨ ਕਰਦਾ ਰਹੇ ਤਾਂ ਉਹ ਮਾਂ ਜਾਂ ਬਾਪ ਬਣਨ ਦੇ ਯੋਗ ਨਹੀਂ ਰਹਿ ਜਾਦਾ। ਨਸ਼ਾ ਪ੍ਰਸਾਰਣ ਵਾਲਿਆਂ ਦਾ ਗਿਆ ਕੁਝ ਨਹੀਂ ਤੇ ਸਾਡੇ ਗੱਭਰੂਪੰਜਾਬੀਆਂ ਦਾ ਰਿਹਾ ਕਝ ਨਹੀਂ। ਪੈਸੇ ਦੀ ਬਰਬਾਦੀ, ਜ਼ਮੀਨਾਂ ਵਿਕ ਗਈਆਂ ਤੇ ਵਿਕ ਰਹੀਆਂ ਹਨ। ਨਸਲ ਕੁਸ਼ੀ ਤਾਂ ਆਪੇ ਹੀ ਹੋ ਜਾਵੇਗੀ। ਇਹੋ ਹੀ ਹਾਲਤ ਹੁੰਦੀ ਹੈ ਘੱਟ ਗਿਣਤੀ ਕੌਮਾਂ ਦੀ।

ਕੀ ਇੰਨਾ ਕੁਝ ਅੱਖਾਂ ਸਾਹਮਣੇ ਦੇਖ ਕੇ ਸਾਡੇ ਸੀਨੇ ਵਿਚ ਕੋਈ ਚੀਸ ਨਹੀਂ ਉਠਦੀ। ਕੀ ਇਹ ਨਿਘਾਰ ਦੀ ਹੱਦ ਨਹੀਂ ਗਿਣੀ ਜਾਣੀ ਚਾਹੀਦੀ। ਜੇ ਕਿਸੇ ਦੇ ਦਿਲ ਵਿਚ ਰਤੀ ਭਰ ਵੀ ਦਰਦ ਹੋਇਆ ਹੋਵੇ

ਤਾਂ ਫਿਰ ਉਸ ਨੂੰ ਉੱਠ ਕੇ ਖੜ੍ਹਾ ਨਹੀਂ ਹੋਣਾ ਚਾਹੀਦਾ? ਇਸ ਦੇ ਵਿਰੁੱਧ ਲਾਮਬੰਦ ਹੋ ਕੇ ਆਵਾਜ਼ ਨਹੀਂ ਚੁੱਕਣੀ ਚਾਹੀਦੀ? ਪਰ ਆਵਾਜ਼ ਚੁੱਕੇ ਤਾਂ ਕੌਣ, ਜਦੋਂ ਬਹੁਤ ਸਾਰੀਆਂ ਅਖਬਾਰਾਂ ਇਹ ਨਿਚੋੜ ਦੇਣ ਕਿ ਸਾਡੇ ਆਪਣੇ ਹੀ ਕੁਰਸੀਆਂ 'ਤੇ ਬੈਠੇ ਕੁਰਸੀਆਂ ਦੇ ਲਾਲਚ ਲਈ ਵੋਟਾਂ ਦੀ ਖਾਤਰ ਆਪਣੀ ਹੀ ਹੱਥੀਂ ਵੋਟਰਾਂ ਨੂੰ ਨਸ਼ੇ ਵੰਡ-ਵੰਡ ਕੇ ਰਾਜ ਗੱਦੀ ਦੇ ਮਾਲਕ ਬਣੇ ਹੋਏ ਹਨ। ਅਖਬਾਰੀ ਰਿਪੋਰਟਾਂ ਮੁਤਾਬਕ ਇਹਨਾਂ ਨਸ਼ਿਆਂ ਦੇ ਵਪਾਰੀਆਂ ਦੀ ਇਕ ਅਹਿਮ ਕੜੀ ਬਣੇ ਹੋਏ ਹਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਦਾ ਰਾਖਾ ਕੌਣ ਬਣੇਗਾ। ਇਹਨਾਂ ਨੂੰ ਬਚਾਉਣ ਲਈ ਕੌਣ ਅੱਗੇ ਆਵੇਗਾ? ਪਰ ਇਹ ਕਿਹਾ ਜਾਂਦਾ ਹੈ ਕਿ ਜਦੋਂ ਕਿਸੇ ਚੀਜ਼ ਦੀ ਅੱਤ ਹੋ ਜਾਵੇ ਤਾਂ ਫਿਰ ਕੋਈ ਨਾ ਕੋਈ ਇਨਕਲਾਬ ਪੈਦਾ ਹੁੰਦਾ ਹੈ। ਕੋਈ ਨਾ ਕੋਈ ਤਾਕਤ ਅੱਗੇ ਆਉਂਦੀ ਹੈ।

ਮੇਰੀ ਕੌਮ ਦੇ ਵਾਰਸੋ ! ਇਸ ਵੰਗਾਰ ਨੂੰ ਕਬੂਲੋ, ਇਹ ਤੁਹਾਡੀ ਅਣਗਹਿਲੀ ਭਵਿੱਖ ਦੇ ਖਾਤਮੇ ਦਾ ਕਾਰਨ ਬਣੇਗੀ। ਖਾਮੋਸ਼ ਹੋ ਕੇ ਤਮਾਸ਼ਾ ਦੇਖੀ ਜਾਣਾ ਤੁਹਾਡੀ ਆਦਤ ਨਹੀਂ। ਉਠੋ ਮਾਰੋ ਹੰਭਲਾ, ਕੁਝ ਕਰੋ ਜੇਕਰ ਤੁਹਾਡੇ ਅੰਦਰ ਕੋਈ ਦਰਦ ਹੈ। ਹੁਣ ਤਾਂ ਹਰ ਇਕ ਦਾ ਫਰਜ਼ ਬਣਦਾ ਹੈ ਇਹਨਾਂ ਨਸ਼ਿਆਂ ਦੀ ਲਾਹਨਤ ਦੇ ਖ਼ਿਲਾਫ ਅੱਡੀ ਚੋਟੀ ਦਾ ਜ਼ੋਰ ਲਾਉਣ ਦਾ ਤਾਂ ਕਿ ਸਾਡਾ ਗਵਾਚਿਆ ਹੋਇਆ ਮਾਣ ਤੇ ਕਿਰਦਾਰ ਮੁੜ ਵਾਪਸ ਆ ਜਾਵੇ। ਅੱਜ ਨਸ਼ਾ ਛੁਡਾਊ ਬਹੁਤ ਸਾਰੇ ਕੇਂਦਰ ਬਣੇ ਹੋਏ ਹਨ ਪਰ ਉਹਨਾਂ ਵਿਚੋਂ ਬਹੁਤ ਐਸੇ ਹਨ ਜੋ ਰਜਿਸਟਰ ਨਹੀਂ ਹੋਏ। ਮਿਲੀਆਂ ਰਿਪੋਰਟਾਂ ਮੁਤਾਬਕ ਤਾਂ ਕੁਝ ਕੇਂਦਰ ਅਜਿਹੇ ਵੀ ਹਨ ਜੋ ਪੈਸੇ ਦੇ ਲਾਲਚ ਵਿਚ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਦੀ ਥਾਂ ਆਪਣੇ ਸੈਂਟਰਾਂ ਵਿਚ ਰੱਖ ਕੇ ਹੋਰ ਨਸ਼ਿਆਂ ਦੇ ਟੀਕੇ ਲਾ ਕੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ।

ਅੱਜ ਪਿੰਡਾਂ ਵਿਚ ਰਹਿਣ ਵਾਲਿਓ ਪੰਜਾਬੀਓ ! ਉਠੋ ਆਪਣੇ ਪਿੰਡਾਂ ਵਿਚ ਉਹ ਪੰਚਾਇਤਾਂ ਬਣਾਉ ਜਿਨ੍ਹਾਂ ਦੇ ਮੈਂਬਰ ਨਸ਼ਾ ਨਾ ਕਰਦੇ ਹੋਣ। ਪੰਚਾਇਤਾਂ ਵਲੋਂ ਲਿਖਤੀ ਫ਼ੈਸਲੇ ਲੈ ਕੇ ਸਰਕਾਰ ਨੂੰ ਲਿਖੋ ਕਿ ਸਾਡੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ।

ਅੱਜ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦੇਣ ਲਈ ਸਾਨੂੰ ਪਿੰਡਾਂ ਵਿਚ ਸੈਮੀਨਾਰ ਕਰਨ ਦੀ ਲੋੜ ਹੈ। ਛੋਟੇ ਹੈ। ਛੋਟੇ ਬੱਚਿਆਂ ਨੂੰ ਗੁਰਬਾਣੀ ਦੇ ਸਬਕ ਦੇ ਕੇ ਉਹਨਾਂ ਨੂੰ ਨਸ਼ਿਆਂ ਦੇ ਨੁਕਸਾਨ ਦੱਸਣ ਦੀ ਲੋੜ ਹੈ। ਅੱਜ ਦੇ ਵਿਹਲੜ ਨੌਜਵਾਨਾਂ ਨੂੰ ਖੇਡਾਂ ਵੱਲ ਲਾਉਣ ਦੀ ਲੋੜ ਹੈ। ਕਿਹਾ ਜਾਂਦਾ ਹੈ ਕਿ ਜੇਕਰ ਕੋਲ ਖਾਣ ਨੂੰ ਕੁਝ ਨਾ ਹੋਵੇ ਤਾਂ ਖਾਲੀ ਪੇਟ ਜੁਰਮ ਨੂੰ ਜਨਮ ਦਿੰਦਾ ਹੈ। ਮੁੰਬਈ ਹਮਲੇ ਦੇ ਮੁੱਖ ਦੋਸ਼ੀ ਜਿਸ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ, ਦੀ ਉਦਾਹਰਣ ਸਾਡੇ ਸਾਹਮਣੇ ਹੈ ਜਿਸ ਨੇ 1●●● ਰੁਪਏ ਬਦਲੇ ਕਈ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਫ਼ੈਸਲਾ ਕਰ ਲਿਆ ਸੀ। ਪਿੰਡਾਂ ਵਿਚ ਰੁਜ਼ਗਾਰ ਕੇਂਦਰ ਬਣਾਉਣ ਦੀ

ਅਤਿ ਲੋੜ ਹੈ। ਨੌਜਵਾਨਾਂ ਨੂੰ ਕਿੱਤਾਮੁਖੀ ਕੋਰਸ ਕਰਾਉਣ ਦਾ ਉਪਰਾਲਾ ਕਰੀਏ। ਪਿੰਡ ਦੀਆਂ ਮੁਟਿਆਰਾਂ ਲਈ ਸਿਲਾਈ ਕੇਂਦਰ ਆਦਿ ਹਰ ਤਰ੍ਹਾਂ ਦੇ ਯਤਨ ਇਹਨਾਂ ਲਈ ਨਸ਼ਾਖੋਰੀ ਇਕ ਵੱਡਾ ਗੁਨਾਹ ਹੈ। ਇਹ ਦੁਰਮਤ ਅਤੇ ਮਲੀਨ ਬੁੱਧੀ ਦਾ ਪ੍ਰਤੀਕ ਅਤੇ ਅਣਮਨੁੱਖੀ ਚੀਜ਼ਾਂ ਹਨ। ਗੁਰਬਾਣੀ ਭਾਵ ਗੁਰੂਉਪਦੇਸ਼ਾਂ ਰਾਹੀਂ ਦੱਸੀਏ ਕਿ ਗੁਰੂਸਾਹਿਬਾਨ ਨੇ ਸਾਨੂੰ ਕਿਰਦਾਰ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਸੀ ਪਰ ਅਸੀਂ ਮੁੜ ਪਤਨ ਦੀ ਡੂੰਘੀ ਖਾਈ ਵਿਚ ਡਿੱਗਦੇ ਜਾ ਰਹੇ ਹਾਂ। ਦੁੱਖ ਤਾਂ ਇਸ ਗੱਲ ਦਾ ਹੈ ਕਿ ਆਪਣੇ ਔਗੁਣ 'ਤੇ ਸ਼ਰਮਿੰਦਾ ਹੋਣ ਦੀ ਥਾਂ ਅਸੀਂ ਆਪਣੇ ਅਗਾਂਹਵਧੂ, ਸੱਭਿਆ, ਅਤਿ ਆਧੁਨਿਕ ਅਤੇ ਉਚੇਰੀ ਨਸਲ ਦੇ ਇਨਸਾਨ ਹੋਣ ਦੀ ਝੂਠੀ ਤਸੱਲੀ ਲਈ ਫਿਰਦੇ ਹਾਂ। ਆਖਰ ਕਦੋਂ ਤੱਕ ਨਾਦਾਨ ਬਣ ਕੇ ਆਪਣੇ ਭਵਿੱਖ ਨਾਲ ਖਿਲਵਾੜ ਕਰਦੇ ਰਹਾਂਗੇ? ਤਾਂ ਫਿਰ ਸੋਚਦੇ ਕੀ ਹੋ। ਮੈਂ ਲਿਖਾਂ ਤਾਂ ਹੋਰ ਕੀ ਲਿਖਾਂ? ਬੱਸ ਕਿਸੇ ਸ਼ਾਇਰ ਦੇ ਇਹ ਬੋਲ ਹੀ ਲਿਖ ਸਕਦਾ ਹਾਂ :

**ਉਠੋ ! ਕੌਮ ਦੀ ਫ਼ਿਕਰ ਕਰੋ ਐ ਨਾਦਾਨੋ**

**ਤੁਮਾਰੀ ਬਰਬਾਦੀਓਂ ਕੇ ਚਰਚੇ ਹੈਂ ਆਸਮਾਨੋਂ ਮੇਂ ।**

**ਨਾ ਸਮਝੋਗੇ ਤੋ ਮਿਟ ਜਾਓਗੇ ਐ ਸਿੱਖੋ**

**ਤੁਮਾਰੀ ਦਾਸਤਾਨ ਭੀ ਨ ਹੋਗੀ ਦਾਸਤਾਨੋਂ ਮੇਂ।**

**.....**


**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882